# ਸੈਕੰਡਰੀ ਸਕੂਲ ਸਥਾਨ ਆਵੰਟਨ ਪ੍ਰਣਾਲੀ 2023/2025
# (ਸਤੰਬਰ 2025 ਵਿੱਚ ਸੈਕੰਡਰੀ 1 ਵਿੱਚ ਦਾਖਲੇ ਲਈ)
# ਅਕਸਰ ਪੁੱਛਣ ਵਾਲੇ ਸਵਾਲ

## ਕੇਂਦਰੀ ਵੰਡ ਸਿਸਟਮ

**(1) ਪ੍ਰ ਕੇਂਦਰੀ ਵੰਡ (CA) ਦੇ ਲਈ ਕਿਹੜੇ ਮਾਪਦੰਡ ਹਨ?**

ਉ CA ਵਿਦਿਆਰਥੀ ਦੇ ਵੰਡ ਬੈਂਡ, ਮਾਪਿਆਂ ਦੁਆਰਾ ਸਕੂਲਾਂ ਦੀ ਚੋਣ, ਅਤੇ ਬੇਤਰਤੀਬੇ ਨੰਬਰਾਂ 'ਤੇ ਆਧਾਰਿਤ ਹੁੰਦਾ ਹੈ। CA ਦੀਆਂ ਵੰਡ ਪ੍ਰਕਿਰਿਆਵਾਂ ਲਈ, ਮਾਪੇ ਅਪ੍ਰੈਲ 2025 ਦੀ ਸ਼ੁਰੂਆਤ ਵਿੱਚ ਸਿਖਿੱਆ ਬਿਊਰੋ (EDB) ਦੁਆਰਾ ਵੰਡੇ ਜਾਣ ਵਾਲੇ "ਮਾਪਿਆਂ ਲਈ ਕੇਂਦਰੀ ਵੰਡ ਸਬੰਧੀ ਜਰੂਰੀ ਤੱਥ" ਦੀ ਸਹਾਇਤਾ ਲੈ ਸਕਦੇ ਹਨ।

**(2) ਪ੍ਰ CA ਲਈ ਵੰਡ ਪ੍ਰਕਿਰਿਆ ਕੀ ਹੈ?**

ਉ ਭਾਗ-A ਵਿੱਚ ਪਹਿਲਾਂ "ਗੈਰ-ਪ੍ਰਤੀਬੰਧਿਤ ਸਕੂਲੀ ਵਿਕਲਪਾਂ" 'ਤੇ ਕਾਰਵਾਈ ਕੀਤੀ ਜਾਂਦੀ ਹੈ। ਭਾਗ-A ਵਿੱਚ ਸਾਰੇ ਵਿਦਿਆਰਥੀਆਂ ਦੀਆਂ ਸਕੂਲੀ ਚੋਣਾਂ ਦੀ ਪ੍ਰਕਿਰਿਆ ਕਰਨ ਤੋਂ ਬਾਅਦ ਹੀ, ਕੰਪਿਊਟਰ ਭਾਗ-B ਵਿੱਚ "ਪ੍ਰਤਿਬੰਧਿਤ ਸਕੂਲੀ ਵਿਕਲਪਾਂ" ਦੀ ਪ੍ਰਕਿਰਿਆ ਸ਼ੁਰੂ ਕਰੇਗਾ।

ਭਾਗ-A ਵਿੱਚ "ਅਣ-ਪ੍ਰਤੀਬੰਧਿਤ ਸਕੂਲੀ ਵਿਕਲਪਾਂ" 'ਤੇ ਪ੍ਰਕਿਰਿਆ ਕਰਦੇ ਸਮੇਂ, ਕੰਪਿਊਟਰ ਪਹਿਲਾਂ ਸਕੂਲ ਦੇ ਵਿਕਲਪਾਂ ਦੀ ਪਹਿਲ ਦੇ ਕ੍ਰਮ ਅਨੁਸਾਰ ਖੇਤਰੀ ਪੱਟੀ 1 ਵਿਚਲੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਸਥਾਨ ਦੇਵੇਗਾ। ਇਹਨਾਂ ਸਾਰੇ ਵਿਦਿਆਰਥੀਆਂ ਦੀਆਂ ਸਕੂਲੀ ਚੋਣਾਂ ਦੀ ਜਾਂਚ ਕਰਨ ਦੇ ਬਾਅਦ, ਕੰਪਿਊਟਰ ਖੇਤਰੀ ਪੱਟੀ 2 ਵਿਚਲੇ ਵਿਦਿਆਰਥੀਆਂ ਦੀਆਂ ਸਕੂਲੀ ਚੋਣਾਂ ਵਾਸਤੇ ਅਤੇ ਅੰਤ ਵਿੱਚ ਖੇਤਰੀ ਪੱਟੀ 3 ਦੇ ਵਿਦਿਆਰਥੀਆਂ ਵਾਸਤੇ ਕਾਰਵਾਈ ਕਰਨ ਲਈ ਉਸੇ ਪ੍ਰਕਿਰਿਆ ਦੀ ਪਾਲਣਾ ਕਰੇਗਾ। ਜਿਹੜੇ ਵਿਦਿਆਰਥੀ ਭਾਗ-A ਵਿੱਚ ਸਥਾਨ ਹਾਸਲ ਕਰਨ ਵਿੱਚ ਸਫਲ ਹੋ ਜਾਂਦੇ ਹਨ, ਉਹਨਾਂ ਨੂੰ ਭਾਗ-B ਵਿੱਚ ਸਥਾਨ ਨਹੀਂ ਦਿੱਤਾ ਜਾਵੇਗਾ। ਜੇ ਕਿਸੇ ਵਿਦਿਆਰਥੀ ਨੂੰ ਉਸ ਦੇ ਸਕੂਲ ਦੇ ਸਾਰੇ ਵਿਕਲਪ ਖਤਮ ਹੋਣ ਤੋਂ ਬਾਅਦ ਭਾਗ-A ਵਿੱਚ ਸਕੂਲ ਦਾ ਸਥਾਨ ਅਲਾਟ ਨਹੀਂ ਕੀਤਾ ਜਾਂਦਾ ਹੈ, ਤਾਂ ਉਸ ਨੂੰ ਭਾਗ-B ਵਿੱਚ ਇੱਕ ਸਥਾਨ ਅਲਾਟ ਕੀਤਾ ਜਾਵੇਗਾ।

"ਪ੍ਰਤਿਬੰਧਿਤ ਸਕੂਲੀ ਵਿਕਲਪਾਂ" ਲਈ ਭਾਗ-B ਵਿੱਚ ਪ੍ਰਕਿਰਿਆ ਕਰਦੇ ਹੋਏ, ਕੰਪਿਊਟਰ ਪਹਿਲਾਂ ਨੈੱਟ ਬੈਂਡ 1 ਵਿੱਚ ਵਿਦਿਆਰਥੀਆਂ ਨੂੰ ਆਪਣੀ ਪਸੰਦ ਦੇ ਸਕੂਲਾਂ ਦੀ ਤਰਜੀਹ ਦੇ ਕ੍ਰਮ ਅਨੁਸਾਰ ਸਕੂਲ ਵਿੱਚ ਸਥਾਨ ਅਲਾਟ ਕਰੇਗਾ। ਜੇ ਨੈੱਟ ਬੈਂਡ 1 ਦੇ ਕਿਸੇ ਵਿਦਿਆਰਥੀ ਨੂੰ ਉਸ ਦੇ ਸਕੂਲ ਦੇ ਸਾਰੇ ਵਿਕਲਪ ਖਤਮ ਹੋਣ ਤੋਂ ਬਾਅਦ ਵੀ ਸਕੂਲ ਦਾ ਸਥਾਨ ਅਲਾਟ ਨਹੀਂ ਕੀਤਾ ਜਾ ਸਕਦਾ, ਤਾਂ ਕੰਪਿਊਟਰ ਉਸ ਨੂੰ ਸਕੂਲ ਦੇ ਨੈੱਟ ਵਿੱਚ ਬਾਕੀ ਸਥਾਨਾਂ ਵਿੱਚੋਂ ਇੱਕ ਅਲਾਟ ਕਰ ਦੇਵੇਗਾ[1]। ਅੰਤ ਤੱਕ ਨੈੱਟ ਬੈਂਡ 1 ਵਿਚਲੇ ਸਾਰੇ ਵਿਦਿਆਰਥੀਆਂ ਨੂੰ ਸਕੂਲ ਦੀਆਂ ਥਾਂਵਾਂ ਅਲਾਟ ਕੀਤੀਆਂ ਜਾਂਦੀਆਂ ਹਨ, ਫੇਰ ਕੰਪਿਊਟਰ ਨੈੱਟ ਬੈਂਡ 2 ਅਤੇ ਅੰਤ ਵਿੱਚ ਨੈੱਟ ਬੈਂਡ 3 ਵਿਚਲੇ ਵਿਦਿਆਰਥੀਆਂ ਦੀ ਚੋਣ ਦੇ ਅਨੁਸਾਰ ਕਾਰਵਾਈ ਕਰਨ ਲਈ ਉਸੇ ਪ੍ਰਕਿਰਿਆ ਦੀ ਪਾਲਣਾ ਕਰੇਗਾ।

ਜੇ ਮਾਪਿਆਂ ਨੇ ਕਿਸੇ ਅਜਿਹੇ ਸੈਕੰਡਰੀ ਸਕੂਲ ਦੀ ਚੋਣ ਕੀਤੀ ਹੈ ਜਿਸਨੇ ਇਸ ਵੰਡ ਚੱਕਰ ਵਿੱਚ ਸੈਕੰਡਰੀ ਸਕੂਲ ਸਥਾਨ ਦੀ ਵੰਡ (SSPA) ਪ੍ਰਣਾਲੀ ਤਹਿਤ ਸੈਕੰਡਰੀ 1 (S1) ਸਥਾਨਾਂ ਦੀ ਪੇਸ਼ਕਸ਼ ਨਹੀਂ ਕੀਤੀ ਹੈ, ਤਾਂ ਉਸ ਸਕੂਲ ਦੀ ਚੋਣ ਨੂੰ ਲੈਕੇ ਕਾਰਵਾਈ ਨਹੀਂ ਕੀਤੀ ਜਾਵੇਗੀ[2] ।

---

[1] ਸਿੱਧੀ ਸਬਸਿਡੀ ਸਕੀਮ ਵਾਲੇ ਸਕੂਲਾਂ ਅਤੇ ਟਿੱਪਣੀ ਵਾਲੇ ਸਕੂਲਾਂ ਨੂੰ ਛੱਡ ਕੇ "ਵਿਦਿਆਰਥੀਆਂ ਨੂੰ ਇਸ ਸਕੂਲ ਵਿੱਚ ਉਦੋਂ ਤੱਕ ਅਲਾਟ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਇਸਨੂੰ ਆਪਣੀ ਪਸੰਦ ਵਿੱਚ ਸ਼ਾਮਲ ਨਹੀਂ ਕਰਦੇ"।

[2] ਵੰਡ ਪ੍ਰਕਿਰਿਆਵਾਂ ਦੇ ਦੌਰਾਨ, ਕੰਪਿਊਟਰ ਸਬੰਧਿਤ ਸਕੂਲ ਚੋਣ(ਚੋਣਾਂ) ਨੂੰ ਛੱਡ ਦੇਵੇਗਾ ਅਤੇ ਸਕੂਲ ਦਿਆਂ ਅਗਲਿਆਂ ਵਿਕਲਪਾਂ (ਜੇ ਕੋਈ ਹੋਵੇ) ਨੂੰ ਸੈਕੰਡਰੀ 1 ਸਕੂਲ ਦੇ ਵਿਕਲਪ ਦੇ ਫਾਰਮ (Choice Form) ਵਿੱਚ ਅੱਗੇ ਭੇਜੇਗਾ।

**(3)  ਪ੍ਰ  ਬੇਤਰਤੀਬ ਸੰਖਿਆ ਕਿਸ ਲਈ ਵਰਤੀ ਜਾਂਦੀ ਹੈ?**

ੳ  ਕੇਂਦਰੀ ਵੰਡ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਕੰਪਿਊਟਰ ਦੁਆਰਾ ਬੇਤਰਤੀਬ ਸੰਖਿਆ ਤਿਆਰ ਕੀਤੇ ਜਾਂਦੇ ਹਨ। ਇਹ ਉਸੇ ਵੰਡ ਬੈਂਡ ਦੇ ਅੰਦਰ ਵਿਦਿਆਰਥੀਆਂ ਦੀ ਵੰਡ ਦੇ ਕ੍ਰਮ ਨੂੰ ਨਿਰਧਾਰਤ ਕਰਨ ਲਈ ਵਰਤਿਆ ਜਾਂਦਾ ਹੈ। ਜੇਕਰ ਕਿਸੇ ਖਾਸ ਸੈਕੰਡਰੀ ਸਕੂਲ ਦੇ ਸਕੂਲ ਸਥਾਨਾਂ ਦੀ ਮੰਗ ਉਪਲਬਧਤਾ ਤੋਂ ਵੱਧ ਜਾਂਦੀ ਹੈ, ਤਾਂ ਉਸੇ ਵੰਡ ਬੈਂਡ ਦੇ ਅੰਦਰ ਸਭ ਤੋਂ ਛੋਟੀ ਬੇਤਰਤੀਬ ਸੰਖਿਆ ਵਾਲੇ ਵਿਦਿਆਰਥੀ ਨੂੰ ਪਹਿਲਾ ਸਥਾਨ ਅਲਾਟ ਕੀਤਾ ਜਾਵੇਗਾ। ਬੇਤਰਤੀਬ ਸੰਖਿਆ ਦਾ "ਵਿਦਿਆਰਥੀ ਹਵਾਲਾ ਸੰਖਿਆ" ਜਾਂ ਵਿਦਿਆਰਥੀ ਦੀ ਨਿੱਜੀ ਜਾਣਕਾਰੀ ਨਾਲ ਕੋਈ ਸਬੰਧ ਨਹੀਂ ਹੈ। ਵੰਡ ਪ੍ਰਕਿਰਿਆ ਦੌਰਾਨ, ਹਰੇਕ ਵਿਦਿਆਰਥੀ ਨੂੰ ਸਿਰਫ਼ ਇੱਕ ਬੇਤਰਤੀਬ ਸੰਖਿਆ ਦਿੱਤੀ ਜਾਵੇਗੀ। ਵੰਡ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਬੇਤਰਤੀਬ ਸੰਖਿਆ ਨੂੰ ਬਰਕਰਾਰ ਨਹੀਂ ਰੱਖਿਆ ਜਾਵੇਗਾ।

## <u>ਕੇਂਦਰੀ ਵੰਡ ਵਿੱਚ ਵਿਕਲਪ ਬਣਾਉਣ ਦੀ ਕਸਰਤ</u>

**(4) ਪ੍ਰ ਮਾਪਿਆਂ ਨੂੰ CA ਦਾ ਵਿਕਲਪ ਚੁਣਨ ਲਈ ਦਸਤਾਵੇਜ਼ ਕਦੋਂ ਮਿਲਣਗੇ?**

ਉ ਮੌਜੂਦਾ ਚੱਕਰ ਵਿੱਚ ਭਾਗ ਲੈਣ ਵਾਲੇ ਪ੍ਰਾਇਮਰੀ 6 (P6) ਵਿਦਿਆਰਥੀਆਂ ਦੇ ਮਾਪੇ ਸੈਕੰਡਰੀ ਵਨ ਸਕੂਲਾਂ ਦੇ ਵਿਕਲਪਾਂ ਦਾ ਫਾਰਮ (Choice Form) ਅਤੇ ਵਿਕਲਪ ਚੁਣਨ ਸਬੰਧੀ ਦਸਤਾਵੇਜ਼, ਉਹਨਾਂ ਦੇ ਬੱਚਿਆਂ ਦੇ ਪ੍ਰਾਇਮਰੀ ਸਕੂਲਾਂ ਤੋਂ ਅਪ੍ਰੈਲ 2025 ਦੀ ਸ਼ੁਰੂਆਤ ਵਿੱਚ ਪ੍ਰਾਪਤ ਕਰਨਗੇ। ਮਈ 2025 ਦੇ ਸ਼ੁਰੂ ਤੱਕ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਪ੍ਰਾਇਮਰੀ ਸਕੂਲਾਂ ਦੇ ਮਾਧਿਅਮ ਰਾਹੀਂ EDB ਨੂੰ ਭਰਿਆ ਹੋਇਆ Choice Form ਵਾਪਸ ਕਰਨਾ ਹੋਵੇਗਾ। SSPA e-Platform ਉੱਤੇ ਵਰਤੋਂਕਾਰ ਵਜੋਂ ਰਜਿਸਟਰਡ ਮਾਪਿਆਂ ਲਈ ਅਤੇ ਜਿਨ੍ਹਾਂ ਦੇ ਖਾਤੇ "iAM Smart+"[3] ਨਾਲ ਨਾਲ ਜੁੜੇ ਹੋਣ, ਉਹ ਕਾਗਜ਼ੀ Choice Form ਤੋਂ ਇਲਾਵਾ, SSPA e-Platform ਰਾਹੀਂ ਹਾਜ਼ਰੀ ਵਾਲੇ ਪ੍ਰਾਇਮਰੀ ਸਕੂਲ ਵਿੱਚ CA ਐਪਲੀਕੇਸ਼ਨ ਜਮ੍ਹਾਂ ਕਰ ਸਕਦੇ ਹਨ। ਮਾਪਿਆਂ ਨੂੰ SSPA e-Platform ਅਤੇ ਕਾਗਜ਼ੀ ਫਾਰਮ ਰਾਹੀਂ ਇੱਕ ਹੀ ਬੱਚੇ ਲਈ ਡੁਪਲੀਕੇਟ ਬਿਨੈ-ਪੱਤਰ ਨਹੀਂ ਜਮ੍ਹਾ ਕਰਨਾ ਚਾਹੀਦਾ।

**(5) ਪ੍ਰ Choice Form ਭਰਦੇ ਸਮੇਂ ਮਾਪਿਆਂ ਨੂੰ ਕੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ?**

ਉ ਮਾਪਿਆਂ ਨੂੰ ਇੱਕ ਸਹੀ ਸਕੂਲ ਦੀ ਚੋਣ ਕਰਨ ਲਈ ਸਕੂਲ ਦੇ ਸਾਰੇ ਪਹਿਲੂਆਂ, ਜਿਵੇਂ ਕਿ ਇਸਦੇ ਵਿਦਿਅਕ ਫਲਸਫੇ, ਰਿਵਾਇਤਾਂ, ਧਰਮ, ਜਮਾਤੀ ਬਣਤਰ, ਵਿਕਾਸ ਅਤੇ ਕਾਰਜ-ਪ੍ਰਣਾਲੀ, ਅਤੇ ਆਪਣੇ ਬੱਚਿਆਂ ਦੀਆਂ ਵਿਸ਼ੇਸ਼ਤਾਵਾਂ, ਸ਼ਖਸ਼ੀਅਤ, ਯੋਗਤਾਵਾਂ ਅਤੇ ਰੁਚੀਆਂ ਵਰਗੇ ਪਹਿਲੂਆਂ ਤੇ ਵਿਚਾਰ ਕਰਨੀ ਚਾਹੀਦੀ ਹੈ।

Choice Form ਭਾਗ-A ਅਤੇ ਭਾਗ-B ਵਿੱਚ ਵੰਡੇ ਗਏ ਹਨ। ਭਾਗ-A "ਅਣ-ਪ੍ਰਤੀਬੰਧਿਤ ਸਕੂਲੀ ਵਿਕਲਪਾਂ" ਲਈ, ਮਾਪੇ ਕਿਸੇ ਵੀ ਸਕੂਲ ਨੈੱਟ ਤੋਂ ਵੱਧ ਤੋਂ ਵੱਧ ਤਿੰਨ ਸੈਕੰਡਰੀ ਸਕੂਲਾਂ ਦੀ ਚੋਣ ਕਰ ਸਕਦੇ ਹਨ, ਜਿਸ ਵਿੱਚ ਉਹਨਾਂ ਦੇ ਬੱਚਿਆਂ ਦੇ ਆਪਣੇ ਸਕੂਲ ਨੈੱਟ ਦੇ ਸਕੂਲ ਵੀ ਸ਼ਾਮਲ ਹਨ। ਭਾਗ B "ਪ੍ਰਤੀਬੰਧਿਤ ਸਕੂਲ ਵਿਕਲਪਾਂ" ਲਈ, ਮਾਪਿਆਂ ਨੂੰ ਸਕੂਲ ਨੈੱਟ ਤੋਂ ਉਹਨਾਂ ਸਕੂਲਾਂ ਨੂੰ ਭਰਨਾ ਚਾਹੀਦਾ ਹੈ ਜਿਸ ਨਾਲ ਉਹਨਾਂ ਦੇ ਬੱਚੇ ਉਹਨਾਂ ਦੀ ਤਰਜੀਹ ਦੇ ਕ੍ਰਮ ਵਿੱਚ ਸਬੰਧਤ ਹਨ ਅਤੇ ਜਿੱਥੋਂ ਤੱਕ ਸੰਭਵ ਹੋਵੇ 30 ਵਿਕਲਪਾਂ ਨੂੰ ਭਰਨਾ ਚਾਹੀਦਾ ਹੈ। ਜੇਕਰ ਉਹਨਾਂ ਦੁਆਰਾ ਭਾਗ A ਵਿੱਚ ਦਰਸਾਏ ਗਏ ਸੈਕੰਡਰੀ ਸਕੂਲ ਵੀ ਉਹਨਾਂ ਦੇ ਬੱਚਿਆਂ ਦੇ ਸਕੂਲ ਨੈੱਟ ਵਿੱਚ ਸਥਿਤ ਹਨ, ਤਾਂ ਉਹ ਇਹਨਾਂ ਸਕੂਲਾਂ ਨੂੰ ਭਾਗ B ਵਿੱਚ ਸ਼ਾਮਲ ਕਰ ਸਕਦੇ ਹਨ। ਹਾਲਾਂਕਿ, ਮਾਪਿਆਂ ਦੁਆਰਾ ਉਸੇ ਭਾਗ ਵਿੱਚ ਇੱਕੋ ਸਕੂਲ ਦੀ ਵਾਰ-ਵਾਰ ਚੋਣ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਨਾਲ ਬੱਚਿਆਂ ਨੂੰ ਉਸੇ ਸਕੂਲ ਵਿੱਚ ਅਲਾਟ ਕੀਤੇ ਜਾਣ ਦੇ ਮੌਕੇ ਨਹੀਂ ਵੱਧਣਗੇ।

ਜਦੋਂ ਮਾਪੇ Choice Form ਦੇ ਭਾਗ-A ਨੂੰ ਭਰ ਰਹੇ ਹੁੰਦੇ ਹਨ, ਤਾਂ ਉਹਨਾਂ ਨੂੰ ਅਪ੍ਰੈਲ 2025 ਦੇ ਸ਼ੁਰੂ ਵਿੱਚ ਪ੍ਰਾਇਮਰੀ ਸਕੂਲਾਂ ਵਿੱਚ ਵੰਡੀ ਗਈ "ਅਣ-ਪ੍ਰਤੀਬੰਧਿਤ ਸਕੂਲੀ ਵਿਕਲਪਾ" (Handbook) ਦਾ ਹਵਾਲਾ ਲੈਣਾ ਚਾਹੀਦਾ ਹੈ। SSPA e-Platform ਉਪਭੋਗਤਾਵਾਂ ਵਜੋਂ ਰਜਿਸਟਰਡ ਮਾਪੇ SSPA e-Platform 'ਤੇ Handbook ਦੇ ਔਨਲਾਈਨ ਸੰਸਕਰਣ ਨੂੰ ਵੀ ਦੇਖ ਸਕਦੇ ਹਨ। ਇਸ ਤੋਂ ਇਲਾਵਾ, ਸੂਚੀਆਂ ਨੂੰ ਡਾਊਨਲੋਡ ਕਰਨ ਲਈ ਮਾਪੇ EDB ਦੇ ਹੋਮਪੇਜ (www.edb.gov.hk) 'ਤੇ ਜਾ ਸਕਦੇ ਹਨ: (ਚੁਣੋ: Home > Education System and Policy > Primary and Secondary Education > School Places Allocation Systems > Secondary School Places Allocation (SSPA) System) ਜਾਂ EDB ਦਾ 24-ਘੰਟੇ ਸਵੈਚਾਲਿਤ ਟੈਲੀਫ਼ੋਨ ਪੁੱਛਗਿੱਛ ਸਿਸਟਮ 2891 0088 'ਤੇ ਫੋਨ ਕਰਕੇ ਫੈਕਸ ਰਾਹੀਂ ਸੂਚੀਆਂ ਪ੍ਰਾਪਤ ਕਰਨ ਲਈ (ਚੁਣੋ 2 (English) > 5 (Fax Services) > 04 (Secondary School Places Allocation System: School Lists))। ਜਦ ਮਾਪੇ Choice Form ਦੇ ਭਾਗ-B ਨੂੰ ਪੂਰਾ ਕਰਦੇ ਹਨ, ਤਾਂ

---

[3] "iAM Smart +" ਰਜਿਸਟ੍ਰੇਸ਼ਨ ਦੇ ਵੇਰਵਿਆਂ ਲਈ, ਕਿਰਪਾ ਕਰਕੇ "iAM Smart" ਹੋਮਪੇਜ (https://www.iamsmart.gov.hk) (ਚੁਣੋ: Home > "iAM Smart" Registration > Registration Methods) 'ਤੇ ਜਾਓ।

ਉਹਨਾਂ ਨੂੰ ਆਪਣੇ ਬੱਚਿਆਂ ਦੇ ਸਬੰਧਿਤ ਸਕੂਲ ਨੈੱਟ ਦੀ "ਸੈਕੰਡਰੀ ਸਕੂਲ ਸੂਚੀ" ਨੂੰ ਦੇਖਣਾ ਚਾਹੀਦਾ ਹੈ। Choice Form ਦੇ ਨਾਲ ਨਾਲ, "ਸੈਕੰਡਰੀ ਸਕੂਲ ਸੂਚੀ" ਨੂੰ ਮਾਪਿਆਂ ਦੇ ਹਵਾਲੇ ਲਈ ਅਪ੍ਰੈਲ 2025 ਦੇ ਸ਼ੁਰੂ ਵਿੱਚ ਵੰਡਿਆ ਜਾਂਦਾ ਹੈ।

**(6) ਪ੍ਰ ਜੇਕਰ ਉਨ੍ਹਾਂ ਦੇ ਬੱਚਿਆਂ ਨੂੰ SSPA ਪ੍ਰਣਾਲੀ (ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ) ਵਿੱਚ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਤੋਂ ਸਫਲ ਅਖ਼ਤਿਆਰੀ ਸਥਾਨ (DP) ਤੋਂ ਬਿਨੈਕਾਰਾਂ ਵਜੋਂ ਸੂਚਨਾਵਾਂ ਪ੍ਰਾਪਤ ਹੋਈਆਂ ਹਨ ਤਾਂ ਕੀ ਮਾਪਿਆਂ ਨੂੰ CA ਪੜਾਅ 'ਤੇ Choice Form ਭਰਨ ਦੀ ਲੋੜ ਹੈ?**

ਉ ਭਾਵੇਂ ਵਿਦਿਆਰਥੀਆਂ ਨੇ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ (Jockey Club Ti-I College ਸਮੇਤ) ਦੇ DP ਲਈ ਅਰਜ਼ੀ ਦਿੱਤੀ ਹੋਵੇ ਜਾ ਨਾਂ, ਉਨ੍ਹਾਂ ਨੂੰ ਮਈ 2025 ਦੇ ਸ਼ੁਰੂ ਤੱਕ ਪ੍ਰਾਇਮਰੀ ਸਕੂਲਾਂ ਰਾਹੀਂ ਜਾਂ SSPA e-Platform ਰਾਹੀਂ EDB ਨੂੰ ਭਰੇ ਹੋਏ Choice Form ਨੂੰ ਜਮ੍ਹਾ ਕਰਵਾਉਣਾ ਹੋਵੇਗਾ। ਇਹ ਯਕੀਨੀ ਬਣਾਉਣ ਲਈ ਹੈ ਕਿ ਕਿਸੇ ਮਾਮਲੇ ਵਿੱਚ ਜੇਕਰ ਉਹ ਇਹਨਾਂ ਸਕੂਲਾਂ ਲਈ ਆਪਣੀ ਅਰਜ਼ੀ ਵਿੱਚ ਸਫਲ ਨਹੀਂ ਹੁੰਦੇ ਹਨ, ਤਾਂ ਹੁਣ ਵੀ ਉਹਨਾਂ ਨੂੰ CA ਵਿੱਚ ਇੱਕ S1 ਸਥਾਨ ਅਲਾਟ ਕੀਤਾ ਜਾਵੇਗਾ।

ਜੇਕਰ ਮਾਪਿਆਂ ਨੂੰ ਅਖਤਿਆਰੀ ਸਥਾਨਾਂ ਲਈ ਸਫਲ ਸੂਚੀਆਂ ਵਿੱਚ ਉਹਨਾਂ ਦੇ ਬੱਚਿਆਂ ਦੇ ਸ਼ਾਮਲ ਕੀਤੇ ਜਾਣ ਬਾਰੇ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾ ਸੂਚਿਤ ਕੀਤਾ ਗਿਆ ਹੈ ਜਾਂ ਉਹਨਾਂ ਦੇ ਬੱਚੇ ਨੂੰ Jockey Club Ti-I College ਦੁਆਰਾ ਦਾਖਲ ਕੀਤਾ ਗਿਆ ਹੈ ਤਾਂ, ਤਾਂ ਉਹਨਾਂ ਨੂੰ ਸਿਰਫ ਸਬੰਧਤ ਆਈਟਮ ਤੇ ਨਿਸ਼ਾਨ ਲਗਾਉਣਾ, ਸਕੂਲ ਦੀਆਂ ਚੋਣਾਂ ਦੇ ਭਾਗਾਂ ਕੱਟ ਦੇਣਾ ਹੋਵੇਗਾ, ਅਤੇ ਸੰਪਰਕ ਜਾਣਕਾਰੀ ਭਰਨ ਤੋਂ ਬਾਅਦ ਕਾਗਜ਼ੀ Choice Form ਉੱਤੇ ਹਸਤਾਖਰ ਕਰਨਾ ਹੋਵੇਗਾ ਜੋ ਕਿ ਇਹ ਦਰਸਾਉਣ ਲਈ ਹੈ ਕਿ ਉਹਨਾਂ ਨੂੰ ਸਕੂਲ ਦੀਆਂ ਚੋਣਾਂ ਕਰਨ ਦੀ ਲੋੜ ਨਹੀਂ ਹੈ। ਉਹਨਾਂ ਮਾਪਿਆਂ ਲਈ ਜੋ SSPA e-Platform ਰਾਹੀਂ Choice Form ਜਮ੍ਹਾਂ ਕਰਦੇ ਹਨ, ਉਹਨਾਂ ਨੂੰ "ਕੇਂਦਰੀ ਵੰਡ ਲਈ ਅਪਲਾਈ ਕਰੋ" ਲਈ ਪੰਨੇ ਦੇ ਹੇਠਾਂ ਸੰਪਰਕ ਜਾਣਕਾਰੀ ਭਰਨੀ ਪੈਂਦੀ ਹੈ, ਫਿਰ " ਸੈਕੰਡਰੀ ਵਨ ਚੁਆਇਸ ਆਫ਼ ਸਕੂਲਜ਼ ਫਾਰਮ 'ਤੇ ਸਕੂਲ ਚੋਣਾਂ ਕਰਨ ਦੀ ਲੋੜ ਨਹੀਂ ਹੈ " ਨੂੰ ਚੁਣੋ। ਭਾਗ A ਅਤੇ ਭਾਗ B ਵਿੱਚ ਸਕੂਲ ਦੀਆਂ ਚੋਣਾਂ ਦੇ ਭਾਗਾਂ ਨੂੰ ਛੱਡਣ ਲਈ, ਅਤੇ Choice Form ਦੀ ਪੁਸ਼ਟੀ ਕਰਨ ਅਤੇ ਜਮ੍ਹਾਂ ਕਰਾਉਣ ਦੇ ਨਾਲ, "iAM Smart+" ਨਾਲ ਡਿਜੀਟਲ ਤੌਰ 'ਤੇ ਦਸਤਖਤ ਕਰੋ।

ਜੇ ਮਾਪੇ ਸਕੂਲ ਦੀਆਂ ਕੋਈ ਚੋਣਾਂ ਨਹੀਂ ਕਰਦੇ ਅਤੇ Choice Form 'ਤੇ CA ਵਿੱਚ ਭਾਗ ਨਾ ਲੈਣ ਦੇ ਆਪਣੇ ਇਰਾਦੇ ਵੱਲ ਇਸ਼ਾਰਾ ਨਹੀਂ ਕਰਦੇ, ਅਤੇ ਵਿਦਿਆਰਥੀਆਂ ਨੂੰ ਨਾ ਤਾਂ DP ਪੜਾਅ 'ਤੇ, ਅਤੇ ਨਾ ਹੀ Jockey Club Ti-I College/ਕਾਲਜ ਰਾਹੀਂ/ਸਿੱਧੀ ਸਬਸਿਡੀ ਸਕੀਮ ਰਾਹੀਂ ਦਾਖਲਾ ਦਿੱਤਾ ਜਾਂਦਾ ਹੈ, ਜੋ ਕਿ ਸੈਕੰਡਰੀ ਸਕੂਲ ਹਨ ਜੋ SSPA ਸਿਸਟਮ (NDSS secondary schools) ਵਿੱਚ ਹਿੱਸਾ ਨਹੀਂ ਲੈ ਰਹੇ ਹਨ, ਤਾਂ ਵਿਦਿਆਰਥੀਆਂ ਨੂੰ ਸਥਾਪਤ ਵੰਡ ਕਾਰਜ-ਪ੍ਰਣਾਲੀ ਅਨੁਸਾਰ ਸਕੂਲਾਂ ਦੀਆਂ ਥਾਵਾਂ ਅਲਾਟ ਕੀਤੀਆਂ ਜਾਣਗੀਆਂ।

**<u>ਵੰਡ ਬੈਂਡ</u>**

**(7) ਪ੍ਰ ਵੰਡ ਬੈਂਡ ਕਿਵੇਂ ਨਿਰਧਾਰਤ ਕੀਤੇ ਜਾਂਦੇ ਹਨ? ਇਹਨਾਂ ਨੂੰ ਕਿਸ ਲਈ ਵਰਤਿਆਂ ਜਾਂਦਾ ਹੈ?**

ਉ ਵਿਦਿਆਰਥੀਆਂ ਨੂੰ ਉਹਨਾਂ ਦੇ ਸਕੇਲ ਕੀਤੇ ਗਏ ਅੰਦਰੂਨੀ ਪ੍ਰੀਖਣ (IA) ਦੇ ਨਤੀਜਿਆਂ ਅਨੁਸਾਰ ਉਹਨਾਂ ਦੇ ਵੰਡ ਬੈਂਡ ਪ੍ਰਾਪਤ ਹੁੰਦੇ ਹਨ। ਪ੍ਰਾਇਮਰੀ 5 ਦੇ ਅੰਤ ਵਿੱਚ ਵਿਦਿਆਰਥੀਆਂ ਦੇ IA ਨਤੀਜੇ, ਅਤੇ P6 ਦੇ ਛਿਮਾਹੀ ਵਿੱਚ ਅਤੇ ਅੰਤ ਵਿੱਚ, ਮਾਨਕੀਕਰਨ ਕੀਤੇ ਜਾਣਗੇ, ਅਤੇ ਸਕੂਲਾਂ ਦੇ ਪ੍ਰੀ-ਸੈਕੰਡਰੀ ਵਨ ਹਾਂਗ ਕਾਂਗ ਅਟੇਨਮੈਂਟ ਟੈਸਟ (Pre-S1 HKAT) 2018 ਅਤੇ 2024 ਦੇ ਨਮੂਨੇ ਦੇ ਨਤੀਜਿਆਂ ਦੀ ਔਸਤ ਦੁਆਰਾ ਸਕੇਲ ਕੀਤੇ ਜਾਣਗੇ। ਉਹਨਾਂ ਸਕੂਲਾਂ ਲਈ ਜਿਨ੍ਹਾਂ ਕੋਲ Pre-S1 HKAT 2018 ਜਾਂ 2024 (ਜਿਵੇਂ ਕਿ ਇੱਕ ਨਵਾਂ ਭਾਗ ਲੈਣ ਵਾਲਾ ਸਕੂਲ) ਦੇ ਨਮੂਨੇ ਦੇ ਨਤੀਜੇ ਨਹੀਂ ਹਨ, ਉਸ ਖਾਸ ਸਾਲ ਵਿੱਚ ਟੈਸਟ ਵਿੱਚ ਇੱਕੋ ਸਕੂਲ ਦੇ ਨੈੱਟ ਵਿੱਚ ਭਾਗ ਲੈਣ ਵਾਲੇ ਸਾਰੇ ਪ੍ਰਾਇਮਰੀ ਸਕੂਲਾਂ ਦੇ ਨਮੂਨੇ ਦੇ ਨਤੀਜਿਆਂ ਦੀ ਔਸਤ ਸਕੇਲਿੰਗ ਲਈ ਵਰਤਿਆ ਜਾਵੇਗਾ।

CA ਦੇ ਭਾਗ-A "ਅਣ-ਪ੍ਰਤੀਬੰਧਿਤ ਸਕੂਲੀ ਵਿਕਲਪਾਂ" ਵਿੱਚ ਸਕੂਲੀ ਸਥਾਨਾਂ ਦੀ ਵੰਡ ਲਈ, ਖੇਤਰ ਦੇ ਸਾਰੇ ਵਿਦਿਆਰਥੀਆਂ ਦੇ ਸਕੇਲ ਕੀਤੇ ਅੰਕ ਮੈਰਿਟ ਦੇ ਕ੍ਰਮ ਵਿੱਚ ਰੱਖੇ ਜਾਣਗੇ। ਫੇਰ ਵਿਦਿਆਰਥੀਆਂ ਨੂੰ ਬਰਾਬਰ ਰੂਪ ਵਿੱਚ ਤਿੰਨ ਖੇਤਰੀ ਪੱਟੀਆਂ ਵਿੱਚ ਵੰਡਿਆ ਜਾਵੇਗਾ, ਜਿੰਨ੍ਹਾਂ ਵਿੱਚੋਂ ਹਰੇਕ ਖੇਤਰ ਵਿੱਚ ਪ੍ਰਾਇਮਰੀ ਵਿਦਿਆਰਥੀਆਂ ਦੀ ਕੁੱਲ ਸੰਖਿਆ ਦਾ 1/3 ਭਾਗ ਹੋਵੇਗਾ। CA ਦੇ ਭਾਗ-B "ਪ੍ਰਤਿਬੰਧਿਤ ਸਕੂਲ ਵਿਕਲਪਾਂ" ਵਿੱਚ ਸਕੂਲ ਸਥਾਨਾਂ ਦੀ ਵੰਡ ਦੇ ਸਬੰਧ ਵਿੱਚ, ਇੱਕੋ ਸਕੂਲ ਨੈੱਟ ਦੇ ਅੰਦਰ ਸਾਰੇ ਵਿਦਿਆਰਥੀਆਂ ਦੇ ਸਕੇਲ ਕੀਤੇ ਅੰਕ ਮੈਰਿਟ ਦੇ ਕ੍ਰਮ ਵਿੱਚ ਰੱਖੇ ਜਾਣਗੇ। ਫਿਰ ਵਿਦਿਆਰਥੀਆਂ ਨੂੰ ਤਿੰਨ ਨੈੱਟ ਬੈਂਡਾਂ ਵਿੱਚ ਬਰਾਬਰ ਵੰਡਿਆ ਜਾਵੇਗਾ, ਹਰੇਕ ਵਿੱਚ ਸਕੂਲ ਨੈੱਟ ਵਿੱਚ ਪ੍ਰਾਇਮਰੀ ਵਿਦਿਆਰਥੀਆਂ ਦੀ ਕੁੱਲ ਸੰਖਿਆ ਦਾ 1/3 ਹਿੱਸਾ ਸ਼ਾਮਲ ਹੋਵੇਗਾ।

ਹਾਲਾਂਕਿ CA ਦਾ ਭਾਗ-A ਅਣ-ਪ੍ਰਤੀਬੰਧਿਤ ਸਕੂਲੀ ਸਥਾਨਾਂ ਵਾਸਤੇ ਵਿਦਿਆਰਥੀ ਦੀ ਵੰਡ ਦੇ ਕ੍ਰਮ ਦਾ ਨਿਰਣਾ ਕਰਨ ਲਈ ਖੇਤਰ ਪੱਟੀਆਂ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਨੈੱਟ ਬੈਂਡ CA ਦੇ ਭਾਗ-B ਵਿੱਚ ਪ੍ਰਤਿਬੰਧਿਤ ਸਕੂਲੀ ਸਥਾਨਾਂ ਦੀ ਵੰਡ ਲਈ ਹਨ। ਵੰਡ ਬੈਂਡ P6 ਵਿਦਿਆਰਥੀਆਂ ਦੇ ਅਕਾਦਮਿਕ ਪ੍ਰਦਰਸ਼ਨ ਦਾ ਮੁਲਾਂਕਣ ਕਰਨ ਲਈ ਕੋਈ ਸੰਪੂਰਨ ਮਿਆਰ ਨਹੀਂ ਹੈ, ਅਤੇ ਇੱਕ ਵਾਰ ਵੰਡ ਪ੍ਰਕਿਰਿਆ ਦੇ ਪੂਰਾ ਹੋਣ ਦੇ ਬਾਅਦ ਵਿਅਕਤੀਗਤ ਵਿਦਿਆਰਥੀਆਂ ਦੇ ਵੰਡ ਬੈਂਡ ਨੂੰ ਬਰਕਰਾਰ ਨਹੀਂ ਰੱਖਿਆ ਜਾਵੇਗਾ।

**(8) ਪ੍ਰ ਜੇਕਰ ਇੱਕ ਵਿਦਿਆਰਥੀ ਨੂੰ ਕਰਾਸ-ਨੈੱਟ ਅਲਾਟਮੈਂਟ ਲਈ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਨਵੇਂ ਸਕੂਲ ਨੈੱਟ ਵਿੱਚ ਉਸਦਾ ਨੈੱਟ ਬੈਂਡ ਕਿਵੇਂ ਨਿਰਧਾਰਤ ਕੀਤਾ ਜਾਂਦਾ ਹੈ? ਕੀ ਉਸਦੀ ਖੇਤਰੀ ਪੱਟੀ ਵਿੱਚ ਕੋਈ ਫਰਕ ਪਵੇਗਾ?**

ਉ ਕਰਾਸ-ਨੈੱਟ ਵੰਡ ਲਈ ਪ੍ਰਵਾਨਿਤ ਵਿਦਿਆਰਥੀ ਲਈ, ਉਸ ਦੇ ਪਿਛਲੇ ਸਕੂਲ ਨੈਟ ਵਿੱਚ ਪ੍ਰਾਪਤ ਕੀਤੇ ਸਕੇਲ ਕੀਤੇ ਅੰਕਾਂ ਦੀ ਤੁਲਨਾ ਨਵੇਂ ਸਕੂਲ ਨੈਟ ਵਿੱਚ ਵਿਦਿਆਰਥੀਆਂ ਦੇ ਸਕੇਲ ਕੀਤੇ ਅੰਕਾਂ ਨਾਲ ਕੀਤੀ ਜਾਵੇਗੀ ਤਾਂ ਜੋ ਉਸਦੇ ਨੈਟ ਬੈਂਡ ਦਾ ਨਿਰਣਾ ਕੀਤਾ ਜਾ ਸਕੇ। ਦੂਜੇ ਸ਼ਬਦਾਂ ਵਿੱਚ, ਨਵੇਂ ਸਕੂਲ ਨੈੱਟ ਵਿੱਚ ਵਿਦਿਆਰਥੀ ਦਾ ਨੈੱਟ ਬੈਂਡ ਉਸਦੇ ਮੂਲ ਸਕੂਲ ਦੇ ਨੈਟ ਨਾਲੋਂ ਵੱਖਰਾ ਹੋ ਸਕਦਾ ਹੈ। ਜਿੱਥੋਂ ਤੱਕ ਵਿਦਿਆਰਥੀ ਦੀ ਖੇਤਰੀ ਪੱਟੀ ਦਾ ਸਵਾਲ ਹੈ, ਇਸ ਨੂੰ ਕਰਾਸ-ਨੈੱਟ ਵੰਡ ਲਈ ਮਨਜ਼ੂਰੀ ਦੇ ਕਾਰਨ ਬਦਲਿਆ ਨਹੀਂ ਜਾਵੇਗਾ।

## ਸਕੂਲ ਨੈੱਟ

**(9) ਪ੍ਰ ਸਕੂਲ ਨੈੱਟ ਕੀ ਹੈ? ਸੈਕੰਡਰੀ ਸਕੂਲ ਨੈੱਟਾਂ ਦਾ ਨਿਰਧਾਰਣ ਕਿਵੇਂ ਕੀਤਾ ਜਾਂਦਾ ਹੈ?**

ਉ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹੱਦਾਂ ਅਨੁਸਾਰ, ਸਕੂਲ ਦੀਆਂ ਸਥਾਨਾਂ ਦੇ ਵੰਡ ਲਈ ਪੂਰੇ ਖੇਤਰ ਨੂੰ 18 ਸੈਕੰਡਰੀ ਸਕੂਲ ਨੈੱਟਾਂ ਵਿੱਚ ਵੰਡਿਆ ਗਿਆ ਹੈ ਕਿਉਂਕਿ ਭਾਗ-B ਵਿੱਚ CA ਸਕੂਲ ਨੈੱਟ ਦੁਆਰਾ ਕੀਤਾ ਜਾਂਦਾ ਹੈ। ਹਰੇਕ ਸਕੂਲ ਨੈੱਟ ਵਿੱਚ ਭਾਗ ਲੈਣ ਵਾਲੇ ਸਾਰੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਸ਼ਾਮਲ ਹੁੰਦੇ ਹਨ ਜੋ ਜ਼ਿਲ੍ਹੇ ਵਿੱਚ ਭੌਤਿਕ ਰੂਪ ਵਿੱਚ ਸਥਿਤ ਹੁੰਦੇ ਹਨ ਅਤੇ ਹੋਰਨਾਂ ਜ਼ਿਲ੍ਹਿਆਂ ਵਿੱਚ ਵੱਖਰੇ ਸੈਕੰਡਰੀ ਸਕੂਲ ਵੀ ਸ਼ਾਮਲ ਹੁੰਦੇ ਹਨ ਜੋ ਨੈੱਟ ਵਾਸਤੇ ਸਕੂਲੀ ਸਥਾਨ ਪ੍ਰਦਾਨ ਕਰਦੇ ਹਨ। ਹੋਰਨਾਂ ਜ਼ਿਲ੍ਹਿਆਂ ਵਿਚਲੇ ਸੈਕੰਡਰੀ ਸਕੂਲ ਅਤੇ ਸਕੂਲਾਂ ਦੇ ਸਥਾਨ ਸਾਲ-ਦਰ-ਸਾਲ ਬਦਲਦੇ ਰਹਿ ਸਕਦੇ ਹਨ। ਮੌਜੂਦਾ ਨੀਤੀ ਦੇ ਅਨੁਸਾਰ, ਉਨ੍ਹਾਂ ਵਿਦਿਆਰਥੀਆਂ ਨੂੰ ਛੱਡ ਕੇ ਜਿਨ੍ਹਾਂ ਦੀਆਂ ਕਰਾਸ-ਨੈੱਟ ਵੰਡ ਲਈ ਅਰਜ਼ੀਆਂ ਮਨਜ਼ੂਰ ਕੀਤੀਆਂ ਜਾਂਦੀਆਂ ਹਨ, ਸਿਧਾਂਤਕ ਤੌਰ 'ਤੇ, ਸੈਕੰਡਰੀ ਸਕੂਲ ਨੈੱਟ ਜਿਸ ਨਾਲ ਵਿਦਿਆਰਥੀ ਸਬੰਧਤ ਹੈ, ਦਾ ਨਿਰਣਾ ਪ੍ਰਾਇਮਰੀ ਸਕੂਲ ਦੇ ਭੌਤਿਕ ਟਿਕਾਣੇ ਦੁਆਰਾ ਕੀਤਾ ਜਾਂਦਾ ਹੈ ਜਿਸ ਵਿੱਚ ਵਿਦਿਆਰਥੀ ਹਾਜ਼ਰੀ ਭਰਦਾ ਆ ਰਿਹਾ ਹੈ ਨਾ ਕਿ ਉਸ ਜ਼ਿਲ੍ਹੇ ਤੋਂ ਜਿੱਥੇ ਵਿਦਿਆਰਥੀ ਰਹਿ ਰਿਹਾ ਹੈ।

**(10) ਪ੍ਰ ਸਕੂਲ ਨੈੱਟ ਦਾ ਪ੍ਰਬੰਧ ਕਿਵੇਂ ਕੀਤਾ ਜਾਂਦਾ ਹੈ?**

ਉ ਜਨਤਕ ਖੇਤਰ ਦੇ ਸੈਕੰਡਰੀ ਸਕੂਲ ਸਥਾਨਾਂ ਦੀ ਵਿਵਸਥਾ ਦੀ ਯੋਜਨਾ ਖੇਤਰ-ਵਿਆਪੀ ਆਧਾਰ 'ਤੇ ਬਣਾਈ ਗਈ ਹੈ। ਲੋੜ ਨੂੰ ਪੂਰਾ ਕਰਨ ਲਈ ਸਕੂਲੀ ਸਥਾਨਾਂ ਦੀ ਢੁਕਵੀਂ ਵੰਡ ਨੂੰ ਯਕੀਨੀ ਬਣਾਉਣ ਲਈ ਅਤੇ ਘੱਟ ਗਿਣਤੀ ਦੇ ਸਕੂਲੀ ਸਥਾਨਾਂ ਵਾਲੇ ਜ਼ਿਲ੍ਹਿਆਂ ਵਿੱਚ ਵਿਦਿਆਰਥੀਆਂ ਨੂੰ ਵਧੇਰੇ ਸਕੂਲੀ ਵਿਕਲਪ ਪ੍ਰਦਾਨ ਕਰਨ ਲਈ, ਨੇੜਲੇ ਖੇਤਰਾਂ ਤੋਂ ਸਕੂਲੀ ਸਥਾਨਾਂ ਨੂੰ ਜੋੜਨਾ ਲੰਬੇ ਸਮੇਂ ਤੋਂ ਸਥਾਪਿਤ ਪ੍ਰਬੰਧ ਹੈ ਜੋ ਚਿੰਤਾਵਾਂ ਦਾ ਹੱਲ ਵੀ ਕਰ ਸਕਦਾ ਹੈ ਅਤੇ ਵੱਖ-ਵੱਖ ਹਿੱਸੇਦਾਰਾਂ ਦੀਆਂ ਲੋੜਾਂ। ਨੈਟਿੰਗ ਦੇ ਪ੍ਰਬੰਧ ਕਰਦੇ ਸਮੇਂ, EDB ਕਾਰਕਾਂ ਦੇ ਇੱਕ ਸਮੂਹ ਨੂੰ ਧਿਆਨ ਵਿੱਚ ਰੱਖਦਾ ਹੈ, ਜਿਵੇਂ ਕਿ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਕੂਲੀ ਸਥਾਨਾਂ ਦੀ ਮੰਗ ਅਤੇ ਸਪਲਾਈ, ਸਕੂਲਾਂ ਦੀ ਸਥਿਤੀ ਅਤੇ ਸੰਬੰਧਿਤ ਆਵਾਜਾਈ ਸਹੂਲਤਾਂ ਦੇ ਨਾਲ-ਨਾਲ ਸਥਾਪਤ ਨੈਟਿੰਗ ਪੈਟਰਨ, ਦੀ ਲੋੜੀਂਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ। ਹਰੇਕ ਜ਼ਿਲ੍ਹੇ ਵਿੱਚ ਸਕੂਲ ਸਥਾਨ ਅਤੇ ਮਾਪਿਆਂ ਨੂੰ ਹੋਰ ਵਿਕਲਪ ਪ੍ਰਦਾਨ ਕਰਦੇ ਹਨ। ਅਸੀਂ, ਸੈਕੰਡਰੀ ਸਕੂਲ ਸਥਾਨਾਂ ਦੀ ਵੰਡ ਕਮੇਟੀ ਨਾਲ ਸਲਾਹ-ਮਸ਼ਵਰਾ ਕਰਕੇ, SSPA ਪ੍ਰਣਾਲੀ ਦੇ ਅਧੀਨ ਪ੍ਰਬੰਧਾਂ ਬਾਰੇ ਹਿੱਸੇਦਾਰਾਂ ਦੇ ਵਿਚਾਰਾਂ 'ਤੇ ਵਿਚਾਰ ਕਰਨ ਤੋਂ ਬਾਅਦ ਸਬੰਧਤ ਸਾਲ ਦੇ ਨੈੱਟਿੰਗ ਪ੍ਰਬੰਧਾਂ ਨੂੰ ਤਿਆਰ ਕਰਾਂਗੇ।

ਹੋਰਨਾਂ ਜ਼ਿਲ੍ਹਿਆਂ ਤੋਂ ਲਏ ਗਏ ਸੈਕੰਡਰੀ ਸਕੂਲਾਂ ਅਤੇ ਸਕੂਲੀ ਸਥਾਨਾਂ ਦੀ ਸੰਖਿਆ ਮੰਗ ਅਤੇ ਸਪਲਾਈ ਦੀਆਂ ਹਾਲਤਾਂ ਅਨੁਸਾਰ ਸਾਲ ਦਰ ਸਾਲ ਬਦਲਦੀ ਰਹਿ ਸਕਦੀ ਹੈ। ਮਾਪਿਆਂ ਨੂੰ ਹਰ ਸਾਲ EDB ਦੁਆਰਾ ਵੰਡੀਆਂ ਜਾਂਦੀਆਂ "ਸੈਕੰਡਰੀ ਸਕੂਲ ਸੂਚੀਆਂ" ਦਾ ਹਵਾਲਾ ਲੈਣਾ ਚਾਹੀਦਾ ਹੈ ਤਾਂ ਜੋ ਸਬੰਧਿਤ ਗੇੜ ਦੇ ਨੈੱਟ ਬਣਾਉਣ ਦੇ ਪ੍ਰਬੰਧ ਕੀਤੇ ਜਾ ਸਕਣ।

**(11) ਪ੍ਰ. ਕੀ DP ਪੜਾਅ ਤੋਂ ਬਾਅਦ, ਅਪ੍ਰੈਲ 2025 ਤੋਂ ਸ਼ੁਰੂ ਹੋਣ ਵਾਲੇ CA ਦੇ ਸੰਬੰਧਿਤ ਦਸਤਾਵੇਜ਼ਾਂ ਵਿੱਚ ਦਰਸਾਏ ਗਏ ਅਣਵਰਤੇ ਸਕੂਲ ਸਥਾਨਾਂ ਦੀ ਗਿਣਤੀ ਨੂੰ ਅੱਪਡੇਟ ਕੀਤਾ ਜਾਵੇਗਾ ਤਾਂ ਜੋ CA ਪੜਾਅ 'ਤੇ ਮਾਪਿਆਂ ਦੀ ਸਕੂਲ ਦੀ ਚੋਣ ਵਿੱਚ ਮਦਦ ਮਿਲ ਸਕੇ?**

ਉ DP ਪੜਾਅ 'ਤੇ, ਕੁਝ ਵਿਦਿਆਰਥੀਆਂ ਨੂੰ ਦੋ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਤੋਂ ਉਨ੍ਹਾਂ ਦੀਆਂ ਸਫਲ DP ਅਰਜ਼ੀਆਂ ਦੀਆਂ ਸੂਚਨਾਵਾਂ ਪ੍ਰਾਪਤ ਹੋ ਸਕਦੀਆਂ ਹਨ ਅਤੇ ਅੰਤ ਵਿੱਚ ਉਹਨਾਂ ਨੂੰ ਮੌਜੂਦਾ SSPA ਵਿਧੀ ਦੇ ਅਨੁਸਾਰ ਉਹਨਾਂ ਦੀ ਪਹਿਲੀ ਪਸੰਦ ਦੇ ਸਕੂਲਾਂ ਨੂੰ ਅਲਾਟ ਕੀਤਾ ਜਾਵੇਗਾ, ਇੱਕ ਸਕੂਲ ਦੀ ਜਗ੍ਹਾ ਖਾਲੀ ਛੱਡ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਕੁਝ ਸਫਲ ਬਿਨੈਕਾਰ ਉਹਨਾਂ ਨੂੰ ਅਲਾਟ ਕੀਤੀ DP ਨੂੰ ਛੱਡ ਸਕਦੇ ਹਨ ਅਤੇ NDSS secondary schools ਦੁਆਰਾ ਪੇਸ਼ ਕੀਤੇ ਸਥਾਨਾਂ ਨੂੰ ਸਵੀਕਾਰ ਕਰ ਸਕਦੇ ਹਨ। ਇਹਨਾਂ ਸਫਲ DP ਬਿਨੈਕਾਰਾਂ ਨੂੰ ਅਲਾਟ ਕੀਤੇ ਸਥਾਨ ਵੀ ਉਪਲਬਧ ਕਰਵਾਏ ਜਾਣਗੇ। ਮੌਜੂਦਾ SSPA ਵਿਧੀ ਦੇ ਤਹਿਤ, ਕੁਝ ਵਿਦਿਆਰਥੀਆਂ ਨੂੰ ਰਿਜ਼ਰਵ ਬਿਨੈਕਾਰਾਂ ਦੇ ਤੌਰ ਇਹਨਾਂ ਅਣਵਰਤੇ DP ਨਾਲ ਅਲਾਟ ਕੀਤਾ ਜਾ ਸਕਦਾ ਹੈ ਅਤੇ ਬਾਕੀ ਬਚੇ ਸਥਾਨਾਂ ਨੂੰ CA ਲਈ ਵਰਤਿਆ ਜਾਵੇਗਾ। CA ਸੰਬੰਧੀ ਦਸਤਾਵੇਜ਼ਾਂ ਨੂੰ ਅਪ੍ਰੈਲ 2025 ਵਿੱਚ ਉਹਨਾਂ ਦੇ ਸੰਦਰਭ ਲਈ ਮਾਪਿਆਂ ਨੂੰ ਵੰਡਣ ਲਈ ਮਾਰਚ 2025 ਵਿੱਚ ਪ੍ਰਿੰਟ ਕੀਤਾ ਜਾਣਾ ਹੈ। ਇਸ ਲਈ, ਤੰਗ ਸਮਾਂ-ਸਾਰਣੀ ਦੇ ਕਾਰਨ ਸਬੰਧਤ ਸਕੂਲ ਸਥਾਨਾਂ ਦੀ ਸੰਖਿਆ ਨੂੰ ਅਪਡੇਟ ਕਰਨਾ ਸੰਭਵ ਨਹੀਂ ਹੈ।

**(12) ਪ੍ਰ. ਕਰਾਸ-ਨੈੱਟ ਵੰਡ ਕੀ ਹੈ?**

ਉ CA ਦੇ ਭਾਗ-B ਲਈ ਸਕੂਲ ਦੇ ਸਥਾਨਾਂ ਦੀ ਵੰਡ ਸਕੂਲ ਨੈੱਟ ਦੁਆਰਾ ਕੀਤੀ ਜਾਂਦੀ ਹੈ ਅਤੇ ਸਕੂਲ ਨੈੱਟ ਜਿਸ ਨਾਲ ਵਿਦਿਆਰਥੀ ਸਬੰਧ ਰੱਖਦਾ ਹੈ, ਸਿਧਾਂਤਕ ਤੌਰ 'ਤੇ ਪ੍ਰਾਇਮਰੀ ਸਕੂਲ ਦਾ ਸਕੂਲ ਨੈੱਟ ਹੈ ਜਿੱਥੇ ਉਸਨੇ ਹਾਜਰੀ ਲਗਾਈ ਹੁੰਦੀ ਹੈ। ਜੇਕਰ ਕਿਸੇ ਵਿਦਿਆਰਥੀ ਨੂੰ ਸਕੂਲ ਨੈੱਟ ਨੂੰ ਬਦਲਣ ਲਈ, ਖਾਸ ਕਾਰਨਾਂ ਦੇ ਨਾਲ, ਸੱਚ-ਮੁੱਚ ਲੋੜ ਹੈ, ਤਾਂ ਮਾਪੇ ਸੰਬੰਧਿਤ ਸਬੂਤ ਦਸਤਾਵੇਜ਼ਾਂ ਦੇ ਨਾਲ ਕ੍ਰਾਸ-ਨੈੱਟ ਵੰਡ ਲਈ ਇੱਕ ਬਿਨੈ-ਪੱਤਰ EDB ਨੂੰ ਪ੍ਰਾਇਮਰੀ ਸਕੂਲ ਰਾਹੀਂ ਦਾਖਲ ਕਰ ਸਕਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਫਰਵਰੀ 2025 ਦੇ ਆਖੀਰ ਤੱਕ ਪੜ੍ਹ ਰਿਹਾ ਹੈ। ਪ੍ਰਾਇਮਰੀ ਸਕੂਲ ਅੱਗੇ ਦੀ ਪ੍ਰਕਿਰਿਆ ਲਈ ਅਰਜ਼ੀ ਦਸਤਾਵੇਜ਼ਾਂ ਦੀਆਂ ਸਾਰੀਆਂ ਪ੍ਰਮਾਣਿਤ ਕਾਪੀਆਂ EDB ਨੂੰ ਭੇਜੇਗਾ। SSPA e-Platform ਵਰਤੋਂਕਾਰ ਵਜੋਂ ਰਜਿਸਟਰ ਕੀਤੇ ਮਾਪਿਆਂ ਲਈ ਅਤੇ ਉਹਨਾਂ ਦੇ ਖਾਤੇ ਨੂੰ "iAM Smart +" ਨਾਲ ਜੋੜਿਆ ਹੋਇਆ ਹੈ, ਕਾਗਜ਼ੀ ਅਰਜ਼ੀ ਫਾਰਮ ਤੋਂ ਇਲਾਵਾ, ਉਹ SSPA e-Platform ਰਾਹੀਂ ਕਰਾਸ-ਨੈੱਟ ਵੰਡ ਲਈ ਅਰਜ਼ੀ ਜਮ੍ਹਾਂ ਕਰ ਸਕਦੇ ਹਨ। ਮਾਪਿਆਂ ਨੂੰ ਇੱਕ ਹੀ ਬੱਚੇ ਲਈ SSPA e-Platform ਅਤੇ ਕਾਗਜ਼ੀ ਫਾਰਮ ਰਾਹੀਂ ਡੁਪਲੀਕੇਟ ਬਿਨੈ-ਪੱਤਰ ਜਮ੍ਹਾਂ ਨਹੀਂ ਕਰਨਾ ਚਾਹੀਦਾ। ਜੇਕਰ ਵਿਦਿਆਰਥੀ ਨੂੰ ਸਕੂਲ ਨੈੱਟ ਲਈ ਕਰਾਸ-ਨੈੱਟ ਅਲਾਟਮੈਂਟ ਲਈ ਮਨਜ਼ੂਰੀ ਦਿੱਤੀ ਜਾਂਦੀ ਹੈ, ਜਿਸ ਨਾਲ ਉਸਦਾ ਹਾਂਗ ਕਾਂਗ ਰਿਹਾਇਸ਼ੀ ਪਤਾ (ਅਰਥਾਤ ਇੱਕ ਰਿਹਾਇਸ਼ੀ ਸਥਾਨ ਜਿਸ 'ਤੇ ਬਿਨੈਕਾਰ ਵਿਦਿਆਰਥੀ ਰਹਿੰਦਾ ਹੈ ਅਤੇ ਜੋ ਉਸਦਾ ਇਕਲੌਤਾ ਜਾਂ ਮੁੱਖ ਘਰ ਬਣਦਾ ਹੈ) ਨਾਲ ਸਬੰਧਤ ਹੈ, ਤਾਂ ਉਹ ਨਵੇਂ ਸਕੂਲ ਨੈੱਟ ਵਿੱਚ CA ਦੇ ਭਾਗ ਬੀ ਵਿੱਚ ਭਾਗ ਲਵੇਗਾ।

**(13) ਪ੍ਰ. ਅਰਜ਼ੀ ਦੇਣ ਵਾਲੇ ਵਿਦਿਆਰਥੀ ਦੇ ਰਿਹਾਇਸ਼ੀ ਪਤੇ ਦੀ ਘੋਸ਼ਣਾ ਕਰਦੇ ਸਮੇਂ ਅਤੇ ਸਬੰਧਿਤ ਸਬੂਤ ਦਸਤਾਵੇਜ਼ ਪ੍ਰਦਾਨ ਕਰਦੇ ਸਮੇਂ ਮਾਪਿਆਂ ਨੂੰ ਕਿਸ ਚੀਜ਼ ਦਾ ਧਿਆਨ ਰੱਖਣਾ ਚਾਹੀਦਾ ਹੈ ਜੇਕਰ ਉਹ ਕਰਾਸ-ਨੈੱਟ ਅਲਾਟਮੈਂਟ ਲਈ ਅਰਜ਼ੀ ਦੇਣਾ ਚਾਹੁੰਦੇ ਹਨ?**

ਉ ਮਾਪਿਆਂ ਨੂੰ ਇਹ ਨੋਟ ਕਰਨਾ ਚਾਹੀਦਾ ਹੈ ਕਿ ਅਰਜ਼ੀ ਦੇਣ ਵਾਲੇ ਵਿਦਿਆਰਥੀ ਦਾ ਰਿਹਾਇਸ਼ੀ ਪਤਾ ਹਾਂਗ ਕਾਂਗ ਵਿੱਚ ਉਸਦਾ ਇੱਕੋ ਇੱਕ ਜਾਂ ਮੁੱਖ ਰਿਹਾਇਸ਼ੀ ਪਤਾ ਹੋਣਾ ਚਾਹੀਦਾ ਹੈ, ਯਾਨੀ ਕਿ ਇੱਕ ਰਹਿਣ ਵਾਲਾ ਸਥਾਨ ਜਿੱਥੇ ਬਿਨੈਕਾਰ ਵਿਦਿਆਰਥੀ ਰਹਿੰਦਾ ਹੈ ਅਤੇ ਜੋ ਉਸਦਾ ਇੱਕੋ ਇੱਕ ਜਾਂ ਮੁੱਖ ਘਰ ਹੁੰਦਾ ਹੈ। ਸਵੀਕਾਰ ਕਰਨਯੋਗ ਹਾਂਗ ਕਾਂਗ ਦੇ ਰਿਹਾਇਸ਼ੀ ਪਤਾ ਸਬੂਤ ਦਸਤਾਵੇਜ਼ਾਂ ਵਿੱਚ ਮੋਹਰ ਲੱਗੇ ਕਿਰਾਏਦਾਰੀ ਇਕਰਾਰਨਾਮੇ, ਅਤੇ/ਜਾਂ ਸਰਕਾਰੀ ਕਿਰਾਏ ਦੀਆਂ ਦਰਾਂ ਲਈ ਡਿਮਾਂਡ ਨੋਟ, ਜਨਤਕ ਹਾਊਸਿੰਗ ਅਥਾਰਟੀਆਂ ਦੁਆਰਾ ਜਾਰੀ ਕੀਤੇ ਕਿਰਾਏਦਾਰੀ ਇਕਰਾਰਨਾਮਿਆਂ ਜਾਂ ਕਿਰਾਏਦਾਰ ਦੇ ਕਿਰਾਇਆ ਕਾਰਡਾਂ,

ਰਿਹਾਇਸ਼ੀ ਟੈਲੀਫੋਨ/ਘਰੇਲੂ ਬਰੌਡਬੈਂਡ ਬਿੱਲਾਂ, ਅਤੇ ਕਈ ਸਾਰੀਆਂ ਯੂਟਿਲਿਟੀ ਕੰਪਨੀਆਂ ਦੇ ਬਿੱਲ ਸ਼ਾਮਲ ਹਨ, ਜਿਵੇਂ ਕਿ ਟਾਊਨਗੈਸ (Towngas), ਹੌਂਗਕੌਂਗ ਬਿਜਲੀ ਕੰਪਨੀ ਲਿ. (Hong Kong Electric Company Ltd.), ਜਲ ਸਪਲਾਈ ਵਿਭਾਗ (Water Supplies Department), ਆਦਿ। ਹੋਰ ਦਸਤਾਵੇਜ਼ ਜਿਵੇਂ ਕਿ ਬੈਂਕ ਸਟੇਟਮੈਂਟ ਮੋਬਾਈਲ ਫੋਨ ਬਿੱਲ, ਕੋਰਟ ਦੇ ਸੰਮਨ ਅਤੇ ਟੈਕਸ ਡਿਮਾਂਡ ਨੋਟ ਸਵੀਕਾਰ ਨਹੀਂ ਕੀਤੇ ਜਾਣਗੇ। ਇਸਤੋਂ ਇਲਾਵਾ, ਮਾਪੇ (ਦੂਜੇ ਸ਼ਬਦਾਂ ਵਿੱਚ ਭੁਗਤਾਨ ਕਰਤਾ) ਦਾ ਨਾਮ ਅਤੇ ਪਤਾ ਹਾਂਗਕਾਂਗ ਦੇ ਰਿਹਾਇਸ਼ੀ ਪਤਾ ਸਬੂਤ ਦਸਤਾਵੇਜ਼ 'ਤੇ ਛਾਪਿਆ ਜਾਣਾ ਚਾਹੀਦਾ ਹੈ।

**(14) ਪ੍ਰ. ਜੇ ਵਿਦਿਆਰਥੀਆਂ ਨੇ ਕਰਾਸ-ਨੈੱਟ ਅਲਾਟਮੈਂਟ ਲਈ ਅਰਜ਼ੀ ਦੇਣ ਤੋਂ ਪਹਿਲਾਂ ਇੱਕ ਜਾਂ ਦੋ ਸੈਕੰਡਰੀ ਸਕੂਲਾਂ ਵਿੱਚ DP ਲਈ ਅਰਜ਼ੀ ਦਿੱਤੀ ਹੈ, ਅਤੇ ਆਪਣੀ ਕਰਾਸ-ਨੈੱਟ ਐਪਲੀਕੇਸ਼ਨ ਦੇ ਕਾਰਨ ਆਪਣੀ DP ਐਪਲੀਕੇਸ਼ਨ ਨੂੰ ਰੱਦ ਕਰ ਦਿੱਤਾ ਹੈ, ਤਾਂ ਕੀ ਉਹਨਾਂ ਦੇ ਮਾਪਿਆਂ ਨੂੰ CA ਪੜਾਅ 'ਤੇ Choice Form ਭਰਨਾ ਪਵੇਗਾ?**

ਉ ਮੌਜੂਦਾ SSPA ਕਾਰਜ-ਵਿਧੀ ਦੇ ਤਹਿਤ, ਵਿਦਿਆਰਥੀ ਆਪਣੀਆਂ ਇੱਕ ਜਾਂ ਦੋਨੋਂ DP ਅਰਜ਼ੀਆਂ ਨੂੰ ਰੱਦ ਕਰ ਸਕਦੇ ਹਨ ਜੇਕਰ ਉਹਨਾਂ ਨੂੰ ਕਰਾਸ-ਨੈੱਟ ਵੰਡ ਵਾਸਤੇ ਅਰਜ਼ੀ ਦੇਣ ਦੀ ਲੋੜ ਪੈਂਦੀ ਹੈ। ਜੇਕਰ ਉਨ੍ਹਾਂ ਨੇ ਆਪਣੀ ਇਕ ਜਾਂ ਦੋਵੇਂ DP ਅਰਜ਼ੀਆਂ ਨੂੰ ਆਪਣੀ ਕਰਾਸ-ਨੈੱਟ ਐਪਲੀਕੇਸ਼ਨ ਕਾਰਨ ਰੱਦ ਕਰ ਦਿੱਤਾ ਹੈ, ਭਾਵੇਂ ਉਨ੍ਹਾਂ ਨੂੰ ਨੋਟੀਫਿਕੇਸ਼ਨ ਵਿਵਸਥਾ ਤਹਿਤ ਸਫਲ ਬਿਨੈਕਾਰਾਂ ਵਜੋਂ ਨੋਟੀਫਾਈ ਕੀਤਾ ਗਿਆ ਹੈ, ਤਾਂ ਸਬੰਧਤ DP ਆਪਣੇ ਆਪ ਰੱਦ ਹੋ ਜਾਵੇਗਾ। ਜੇ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾ ਪੇਸ਼ ਕੀਤੇ ਗਏ ਸਾਰੇ DP ਕਰਾਸ-ਨੈੱਟ ਅਰਜ਼ੀ ਦੇ ਕਾਰਨ ਰੱਦ ਕਰ ਦਿੱਤੇ ਜਾਂਦੇ ਹਨ, ਤਾਂ ਸਬੰਧਿਤ ਮਾਪਿਆਂ ਨੂੰ Choice Form ਭਰਨਾ ਪਵੇਗਾ ਤਾਂ ਜੋ ਉਨ੍ਹਾਂ ਦੇ ਬੱਚੇ CA ਵਿੱਚ ਭਾਗ ਲੈ ਸਕਣ। ਜੇਕਰ ਸਬੰਧਤ ਮਾਪੇ Choice Form 'ਤੇ ਕੋਈ ਸਕੂਲ ਵਿਕਲਪ ਨਹੀਂ ਚੁਣਦੇ ਅਤੇ ਸਬੰਧਤ ਵਿਦਿਆਰਥੀਆਂ ਨੂੰ ਕਿਸੇ ਵੀ NDSS secondary schools ਦੁਆਰਾ ਸਕੂਲ ਦੀ ਜਗ੍ਹਾ ਦੀ ਪੇਸ਼ਕਸ਼ ਨਹੀਂ ਕੀਤੀ ਗਈ ਹੈ, ਤਾਂ ਸਬੰਧਤ ਵਿਦਿਆਰਥੀਆਂ ਨੂੰ ਸਥਾਪਤ ਵੰਡ ਵਿਧੀ ਅਨੁਸਾਰ ਸਕੂਲ ਦੀ ਜਗ੍ਹਾ ਅਲਾਟ ਕੀਤੀ ਜਾਏਗੀ।

ਸਕੂਲ ਸਥਾਨਾਂ ਦੇ ਵੰਡ ਸੈਕਸ਼ਨ
ਸਿੱਖਿਆ ਬਿਊਰੋ
ਸਤੰਬਰ 2024